
香港紅十字會
HONG KONG RED CROSS

# ਸਰਵਾਈਕਲ ਕੈਂਸਰ (ਬੱਚੇਦਾਨੀ ਦਾ ਕੈਂਸਰ) ਜਾਗਰੂਕਤਾ ਮਹੀਨਾ


Five Five health home
Community Health Education Project



ਵਿਸ਼ਵ ਸਿਹਤ ਸੰਗਠਨ ਦੇ ਅਧੀਨ ਕੈਂਸਰ 'ਤੇ ਖੋਜ ਲਈ ਅੰਤਰਰਾਸ਼ਟਰੀ ਏਜੰਸੀ ਦੁਆਰਾ ਜਨਵਰੀ ਨੂੰ ਬੱਚੇਦਾਨੀ ਦੇ ਕੈਂਸਰ ਪ੍ਰਤੀ ਜਾਗਰੂਕਤਾ ਮਹੀਨਾ ਨਿਯਤ ਕੀਤਾ ਗਿਆ ਹੈ। ਬੱਚੇਦਾਨੀ ਦਾ ਕੈਂਸਰ ਔਰਤਾਂ ਦੀ ਸਿਹਤ ਨੂੰ ਖਤਰੇ ਵਿੱਚ ਪਾਉਣ ਵਾਲੇ ਸਭ ਤੋਂ ਵੱਧ ਆਮ ਕੈਂਸਰਾਂ ਵਿੱਚੋਂ ਇੱਕ ਹੈ। ਹਾਂਗਕਾਂਗ ਵਿੱਚ, ਇਹ 2019 ਵਿੱਚ 520 ਨਵੇਂ ਮਾਮਲਿਆਂ ਦੇ ਨਾਲ 8ਵਾਂ ਸਭ ਤੋਂ ਵੱਧ ਆਮ ਔਰਤਾਂ ਦਾ ਕੈਂਸਰ ਸੀ। ਬੱਚੇਦਾਨੀ ਦੇ ਸ਼ੁਰੂਆਤੀ ਕੈਂਸਰ ਦੇ ਠੀਕ ਹੋਣ ਦੀ ਦਰ 90% ਤੱਕ ਪਹੁੰਚ ਸਕਦੀ ਹੈ। ਇਸ ਕਰਕੇ, ਜਲਦੀ ਪਤਾ ਲਾਉਣਾ ਅਤੇ ਇਲਾਜ ਕਰਨਾ ਮਹੱਤਵਪੂਰਨ ਹੈ।

## ਬੱਚੇਦਾਨੀ ਦਾ ਕੈਂਸਰ ਕੀ ਹੈ?

ਬੱਚੇਦਾਨੀ ਦਾ ਕੈਂਸਰ ਉਹ ਕੈਂਸਰ ਹੈ ਜੋ ਬੱਚੇਦਾਨੀ ਦੇ ਮੂੰਹ ਤੋਂ ਸ਼ੁਰੂ ਹੁੰਦਾ ਹੈ। ਬੱਚੇਦਾਨੀ ਦੇ ਮੂੰਹ ਦੇ ਲਗਭਗ ਸਾਰੇ ਕੈਂਸਰ, ਕੈਂਸਰ ਦਾ ਕਾਰਨ ਬਣਨ ਵਾਲੀਆਂ (ਜਾਂ ਉੱਚ-ਖਤਰੇ ਵਾਲੀਆਂ) ਹਿਉਮਨ ਪੈਪੀਲੋਮਾਵਾਇਰਸ (HPV) ਕਿਸਮਾਂ ਵਿੱਚੋਂ ਕਿਸੇ ਇੱਕ ਦੇ ਨਾਲ ਲਗਾਤਾਰ ਲਾਗ ਲੱਗਣ ਕਰਕੇ ਹੁੰਦੇ ਹਨ। ਇਹ ਬੱਚੇਦਾਨੀ ਦੇ ਮੂੰਹ ਦੇ ਸੈੱਲਾਂ ਵਿੱਚ ਅਸਾਧਾਰਨ ਤਬਦੀਲੀਆਂ ਦਾ ਕਾਰਨ ਬਣ ਸਕਦੀ ਹੈ, ਇਸ ਅਵਸਥਾ ਨੂੰ ਸਰਵਾਈਕਲ ਇੰਟਰੈਪਥੀਲੀਅਲ ਨਿਓਪਲੇਸੀਆ (CIN) ਕਹਿੰਦੇ ਹਨ। ਸਹੀ ਇਲਾਜ ਤੋਂ ਬਿਨਾਂ CIN ਸਮੇਂ ਦੀ ਅਵਧੀ ਵਿੱਚ ਕੈਂਸਰ ਵਿੱਚ ਵਿਕਸਤ ਹੋ ਸਕਦਾ ਹੈ।
(70% ਬੱਚੇਦਾਨੀ ਦਾ ਕੈਂਸਰ HPV ਦੀਆਂ ਕਿਸਮਾਂ 16 ਅਤੇ 18 ਕਾਰਨ ਹੁੰਦਾ ਹੈ।)



ਬੱਚੇਦਾਨੀ ਦਾ ਮੂੰਹ ਯੋਨੀ ਦੇ ਸਿਖਰ 'ਤੇ ਅਤੇ ਕੁੱਖ ਦੇ ਨਿਚਲੇ ਭਾਗ 'ਤੇ ਹੁੰਦਾ ਹੈ।

### ਸਰਵਾਈਕਲ ਕੈਂਸਰ ਤੱਕ ਸਧਾਰਣ ਸਰਵਾਈਕਲ ਸੈੱਲਾਂ ਦਾ ਵਿਕਾਸ

ਕਲੀਅਰੈਂਸ ← ਰਿਗਰੈਸ਼ਨ ←

"ਸਧਾਰਣ ਸਰਵਾਈਕਲ ਸੈੱਲ" → ਲਾਗ → "ਉੱਚ-ਜੋਖਮ HPV ਲਾਗ" → ਤਰੱਕੀ → "ਪ੍ਰੀ-ਕੈਂਸਰ ਸੈੱਲ ਤਬਦੀਲੀ" → ਹਮਲਾ → "ਸਰਵਾਈਕਲ ਕੈਂਸਰ"

### HPV ਲਾਗ / ਬੱਚੇਦਾਨੀ ਦੇ ਕੈਂਸਰ ਦੇ ਖਤਰੇ ਦੇ ਕਾਰਕ

- ਤੰਬਾਕੂਨੋਸ਼ੀ
- ਮੂੰਹ ਰਾਹੀਂ ਖਾਣ ਵਾਲੀਆਂ ਗਰਭ ਨਿਰੋਧਕ ਗੋਲੀਆਂ ਦੀ 5 ਸਾਲਾਂ ਤੋਂ ਜ਼ਿਆਦਾ ਲੰਮੇ ਸਮੇਂ ਤੱਕ ਵਰਤੋ
- ਸੰਭੋਗ ਨਾਲ ਫੈਲਣ ਵਾਲੀਆਂ ਬਿਮਾਰੀਆਂ (STDs) ਦੇ ਨਾਲ ਸਹਿ-ਲਾਗ
- ਕਮਜ਼ੋਰ ਪ੍ਰਤੀਰੋਧਤਾ
- ਇੱਕ ਤੋਂ ਵੱਧ ਜਿਨਸੀ ਭਾਈਵਾਲ (ਕਿਸੇ ਔਰਤ ਜਾਂ ਉਸਦੇ ਸਾਥੀ ਦੇ ਸੰਭੋਗ ਸਾਥੀਆਂ ਦੀ ਵਧੇਰੇ ਸੰਖਿਆ ਦੇ ਨਾਲ ਵਧੇਰੇ ਖਤਰਾ)



- ਪਹਿਲਾਂ ਵੀ ਸੰਭੋਗ ਕਰ ਚੁੱਕੇ ਹੋ (ਛੋਟੀ ਉਮਰ ਵਿਚ ਹੀ ਜਿਨਸੀ ਸੰਭੋਗ, ਜਿਆਦਾ ਬੱਚਿਆਂ ਦਾ ਜਨਮ ਜਾਂ ਛੋਟੀ ਉਮਰ ਵਿਚ ਪਹਿਲੀ ਗਰਭਅਵਸਥਾ ਵਿੱਚ ਵਧੇਰੇ ਖਤਰਾ ਹੁੰਦਾ ਹੈ)

## ਆਮ ਲੱਛਣ

ਕੈਂਸਰ ਦੇ ਸ਼ੁਰੂਆਤੀ ਪੜਾਅ ਵਿੱਚ ਕੋਈ ਵੀ ਲੱਛਣ ਪੈਦਾ ਨਹੀਂ ਹੋ ਸਕਦੇ।



- ਯੋਨੀ ਵਿੱਚੋਂ ਅਨਿਯਮਿਤ ਰੂਪ ਵਿੱਚ ਖੂਨ ਵਗਣਾ
  - ਮਹਾਵਾਰੀ ਦਰਮਿਆਨ
  - ਮਹਾਵਾਰੀ ਦਰਮਿਆਨ
  - ਮਹਾਵਾਰੀ ਦੇ ਬੰਦ ਹੋਣ ਤੋਂ ਬਾਅਦ
- ਯੋਨੀ ਵਿੱਚੋਂ ਬਦਬੂਦਾਰ ਤਰਲ ਰਿਸਣਾ
- ਪੇਡੂ ਦਾ ਦਰਦ, ਪਿੱਠ ਦਾ ਦਰਦ
- ਪਿਸ਼ਾਬ ਵਿੱਚ ਖੂਨ ਆਉਣਾ ਜਾਂ ਪਿਸ਼ਾਬ ਕਰਨ ਵੇਲੇ ਦਰਦ
- ਲੱਤਾਂ ਦੀ ਸੋਜ
- ਆਮ ਥਕਾਵਟ ਅਤੇ ਭਾਰ ਘਟਣਾ


## ਰੋਕਥਾਮ

- ਨਿਯਮਿਤ ਤੌਰ 'ਤੇ ਬੱਚੇਦਾਨੀ ਦੀ ਜਾਂਚ ਕਰਵਾਓ
- ਜਿਨਸੀ ਕਿਰਿਆ ਦੀ ਸ਼ੁਰੂਆਤ ਤੋਂ ਪਹਿਲਾਂ HPV ਵੈਕਸੀਨ ਪ੍ਰਾਪਤ ਕਰੋ
- HPV ਦੀ ਲਾਗ ਦੀ ਸੰਭਾਵਨਾ ਨੂੰ ਘੱਟ ਕਰਨ ਲਈ ਵਧੇਰੇ ਸੁਰੱਖਿਅਤ ਸੰਭੋਗ ਕਰੋ
  - ਕੰਡੋਮ ਦੀ ਵਰਤੋਂ ਕਰੋ
  - ਇੱਕ ਤੋਂ ਵੱਧ ਜਿਨਸੀ ਭਾਈਵਾਲ ਬਣਾਉਣ ਤੋਂ ਪਰਹੇਜ਼ ਕਰੋ
- ਸਿਗਰਟ ਨਾ ਪੀਓ



## ਬੱਚੇਦਾਨੀ ਦੀ ਜਾਂਚ

- ਸ਼ਾਮਲ ਹਨ : ਹਿਊਮਨ ਪੈਪੀਲੋਮਾਵਾਇਰਸ (HPV) ਟੈਸਟ/ਸਾਈਟੋਲੋਜੀ ਟੈਸਟ (ਜਿਸਨੂੰ ਪੈਪ ਸਮੀਅਰ ਵੀ ਕਹਿੰਦੇ ਹਨ)
- ਬੱਚੇਦਾਨੀ ਵਿੱਚ ਸ਼ੁਰੂਆਤੀ ਅਸਧਾਰਨ ਤਬਦੀਲੀਆਂ ਦਾ ਪਤਾ ਲਗਾਉਣ ਲਈ ਇੱਕ ਛੋਟੀ ਅਤੇ ਸਰਲ ਟੈਸਟ ਹੈ। ਗੈਰ-ਸਾਧਾਰਨ ਸੈੱਲਾਂ ਦਾ ਮਤਲਬ ਜ਼ਰੂਰੀ ਤੌਰ 'ਤੇ ਕੈਂਸਰ ਨਹੀਂ ਹੁੰਦਾ। ਜੇ ਟੈਸਟ ਦੇ ਨਤੀਜੇ ਵਿੱਚ ਅਸਧਾਰਨ ਸੈੱਲ ਆਉਂਦੇ ਹਨ, ਤਾਂ ਆਮ ਤੌਰ 'ਤੇ ਅਗਲੇਰੀ ਜਾਂਚ (ਉਦਾਹਰਨ ਲਈ ਕੋਲਪੋਸਕੋਪੀ) ਦੀ ਲੋੜ ਪੈਂਦੀ ਹੈ।
- ਜਾਂਚ ਦੇ ਦੌਰਾਨ, ਸਪੈਕਿਉਲਮ ਨਾਮਕ ਇੱਕ ਯੰਤਰ ਨੂੰ ਯੋਨੀ ਵਿੱਚ ਦਾਖਲ ਕੀਤਾ ਜਾਂਦਾ ਹੈ ਅਤੇ ਫੇਰ ਬੱਚੇਦਾਨੀ ਤੋਂ ਨਮੂਨਾ ਲੈਣ ਲਈ ਇੱਕ ਨਰਮ ਬੁਰਸ਼ ਪਾਇਆ ਜਾਂਦਾ ਹੈ। ਨਮੂਨੇ ਨੂੰ ਕਾਰਵਾਈ ਲਈ ਪ੍ਰਯੋਗਸ਼ਾਲਾ ਵਿੱਚ ਭੇਜਿਆ ਜਾਵੇਗਾ।





* ਔਸਤ ਖਤਰੇ ਵਾਲੀਆਂ 25 ਤੋਂ 64 ਸਾਲਾਂ ਦੀ ਉਮਰ ਦੀਆਂ ਲੱਛਣਾਂ ਤੋਂ ਰਹਿਤ ਔਰਤਾਂ ਲਈ ਜਿੰਨ੍ਹਾਂ ਨੇ ਕਦੇ ਵੀ ਜਿਨਸੀ ਸੰਬੰਧ ਬਣਾਏ ਹੋਣ, ਉਹਨਾਂ ਨੂੰ ਬੱਚੇਦਾਨੀ ਦੀ ਨਿਯਮਿਤ ਜਾਂਚ ਕਰਵਾਉਣੀ ਚਾਹੀਦੀ ਹੈ।

*ਵਧੇ ਹੋਏ ਖਤਰੇ ਵਾਲੀਆਂ ਔਰਤਾਂ ਲਈ ਡਾਕਟਰ ਦੇ ਮੁਲਾਂਕਣ ਦੇ ਆਧਾਰ 'ਤੇ ਵਧੇਰੇ ਵਾਰ ਜਾਂਚ ਕਰਵਾਉਣ ਦੀ ਲੋੜ ਪੈ ਸਕਦੀ ਹੈ।

**ਜੇ ਤੁਹਾਡੇ ਵਿੱਚ ਕੋਈ ਲੱਛਣ ਵਿਕਸਤ ਹੁੰਦੇ ਹਨ ਤਾਂ ਤੁਹਾਨੂੰ ਜਿੰਨੀ ਜਲਦੀ ਸੰਭਵ ਹੋਵੇ ਕਿਸੇ ਡਾਕਟਰ ਦੇ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ, ਚਾਹੇ ਬੱਚੇਦਾਨੀ ਦੀ ਜਾਂਚ ਕਰਵਾਉਣ ਦਾ ਤੁਹਾਡਾ ਪਿਛਲਾ ਨਤੀਜਾ ਠੀਕ ਹੀ ਕਿਉਂ ਨਾ ਹੋਵੇ।**


ਹਵਾਲੇ:
ਸਿਹਤ ਵਿਭਾਗ
ਕੈਂਸਰ ਫੰਡ
ਹਸਪਤਾਲ ਅਥਾਰਟੀ - ਸਮਾਰਟ ਪੇਸ਼ੈਂਟ



ਉਪਰੋਕਤ ਜਾਣਕਾਰੀ ਸਿਰਫ ਹਵਾਲੇ ਲਈ ਹੈ
ਸੰਪਾਦਕ: MingYi Man (ਮਿੰਗ ਯੀ ਮਨ)
16/2/2023 ਨੂੰ ਅੱਪਡੇਟ ਕੀਤਾ ਗਿਆ



香港公益金 The Community Chest 會員機構 Member Agency